# ਤੁਹਾਡੀ ਹੈਮੋਡਿਆਲਸਿਸ ਨਾਲੀ
# YOUR HEMODIALYSIS CATHETER

BCRenal an agency of the Provincial Health Services Authority

ਕਈ ਲੋਕ ਆਪਣੀ ਹੈਮੋਡਿਆਲਸਿਸ ਨਾਲੀ (ਨਾੜੀ ਰਾਹੀਂ ਪਹੁੰਚ) ਨੂੰ ਜ਼ਿੰਦਗੀ ਲਈ ਰਾਹ ਵੀ ਕਹਿੰਦੇ ਹਨ ਕਿਉਂਕਿ ਇਸ ਨਾਲ ਇਹ ਡਿਆਲਸਿਸ ਸੰਭਵ ਹੁੰਦਾ ਹੈ। ਆਪਣੀ ਹੈਮੋਡਿਆਲਸਿਸ ਨਾਲੀ ਬਾਰੇ ਵੱਧ ਤੋਂ ਵੱਧ ਜਾਣਨਾ ਜ਼ਰੂਰੀ ਹੈ... ਅਤੇ ਇਹ ਕਿਤਾਬਚਾ ਅਜਿਹਾ ਕਰਨ ਦਾ ਹੀ ਇਕ ਸਾਧਨ ਹੈ। ਇਸ ਨੂੰ ਪੜ੍ਹ ਕੇ ਵੀ ਜੇ ਤੁਹਾਡੇ ਕੁਝ ਸਵਾਲ ਹਨ ਤਾਂ ਆਪਣੇ ਡਾਕਟਰ ਜਾਂ ਸਿਹਤ ਸੰਭਾਲ ਟੀਮ ਦੇ ਕਿਸੇ ਮੈਂਬਰ ਨਾਲ ਗੱਲ ਕਰੋ।

**ਨਾੜੀ  ਤੱਕ ਪਹੁੰਚ ਕੀ ਹੈ?**

ਨਾੜੀ ਰਾਹੀਂ ਪਹੁੰਚ ਸਿਹਤ ਸੰਭਾਲ ਟੀਮ ਕੋਲ ਤੁਹਾਡੇ ਲਹੂ ਦੇ ਵਹਾਅ ਤੱਕ ਬਾਰ-ਬਾਰ ਪਹੁੰਚਣ ਦਾ ਇਕ ਤਰੀਕਾ ਹੈ। ਹਰ ਵਾਰ ਜਦੋਂ ਵੀ ਤੁਹਾਡਾ ਹੈਮੋਡਿਆਲਸਿਸ ਇਲਾਜ ਹੁੰਦਾ ਹੈ, ਇਸ ਰਾਹ ਰਾਹੀਂ ਪਹੁੰਚ ਕਰਕੇ ਇਸ ਨੂੰ ਇਕ ਨਾਲੀ ਰਾਹੀਂ ਡਿਆਲਸਿਸ ਮਸ਼ੀਨ ਨਾਲ ਜੋੜਿਆ ਜਾਂਦਾ ਹੈ। ਇਕ ਨਾਲੀ ਲਹੂ ਨੂੰ ਸਾਫ਼ ਕਰਨ ਲਈ ਡਿਆਲਸਿਸ ਮਸ਼ੀਨ ਤੱਕ ਲੈ ਕੇ ਜਾਂਦੀ ਹੈ। ਇਕ ਹੋਰ ਨਾਲੀ ਸਾਫ਼ ਲਹੂ ਨੂੰ ਤੁਹਾਡੇ ਸਰੀਰ ਵਿਚ ਲੈ ਕੇ ਆਉਂਦੀ ਹੈ। ਡਿਆਲਸਿਸ ਦੇ ਦੌਰਾਨ ਲਹੂ ਨੂੰ ਤੁਹਾਡੇ ਸਰੀਰ ਤੋਂ ਡਿਆਲਸਿਸ ਮਸ਼ੀਨ ਤੱਕ ਅਤੇ ਵਾਪਸ ਤੁਹਾਡੇ ਸਰੀਰ ਤੱਕ ਲਿਆਉਣ ਦੀ ਕਾਰਵਾਈ ਕਈ ਵਾਰ ਦੁਹਰਾਈ ਜਾਂਦੀ ਹੈ।

ਨਾੜੀ ਤੱਕ ਪਹੁੰਚ ਕਰਨ ਦੇ ਤਿੰਨ ਤਰੀਕੇ ਹਨ:

- ਮੋਰੀ
- ਗਰਾਫ਼ਟ
- ਨਾਲੀ

ਇਹ ਕਿਤਾਬਚਾ ਤੁਹਾਨੂੰ ਹੈਮੋਡਿਆਲਸਿਸ ਨਾਲੀ ਅਤੇ ਉਸਦੀ ਦੇਖਭਾਲ ਬਾਰੇ ਜਾਣਕਾਰੀ ਦਿੰਦਾ ਹੈ।

**"ਹੈਮੋਡਿਆਲਸਿਸ ਨਾਲੀ" ਕੀ ਹੈ?**

ਹੈਮੋਡਿਆਲਸਿਸ ਨਾਲੀ ਟਿਊਬ ਦਾ ਹਿੱਸਾ ਹੁੰਦਾ ਹੈ ਜੋ ਆਮ ਤੌਰ 'ਤੇ ਤੁਹਾਡੀ ਧੌਣ ਜਾਂ ਛਾਤੀ ਵਿਚਲੀ ਵੱਡੀ ਰਗ ਵਿਚ ਪਾ ਦਿੱਤਾ ਜਾਂਦਾ ਹੈ। ਅਜਿਹਾ ਰੇਡਿਔਲੋਜੀ ਵਿਭਾਗ, ਅਪਰੇਸ਼ਨ ਵਾਲੇ ਕਮਰੇ ਜਾਂ ਨਰਸਿੰਗ ਯੂਨਿਟ ਵਿਚ ਵੀ ਕੀਤਾ ਜਾ ਸਕਦਾ ਹੈ।

ਇਹ ਨਾਲੀ ਪਾਉਣ ਲਈ ਡਾਕਟਰ ਰਗ ਉੱਤੇ ਤੁਹਾਡੀ ਚਮੜੀ ਨੂੰ ਥੋੜਾ ਜਿਹਾ ਕੱਟਦਾ ਹੈ। ਫਿਰ ਇਹ ਨਾਲੀ ਰਗ ਵਿਚਦੀ ਪਾ ਕੇ ਤੁਹਾਡੀ ਚਮੜੀ ਨਾਲ ਜੋੜ ਦਿੱਤੀ ਜਾਂਦੀ ਹੈ। ਜਿੱਥੇ ਨਾਲੀ ਚਮੜੀ ਵਿਚ ਵੜੀ ਹੈ ਉਸ ਥਾਂ ਨੂੰ ਪੱਟੀ ਨਾਲ ਢੱਕ ਦਿਤਾ ਜਾਂਦਾ ਹੈ।

ਹੈਮੋਡਿਆਲਸਿਸ ਨਾਲੀ ਦਾ ਕੁਝ ਹਿੱਸਾ ਤੁਹਾਡੀ ਚਮੜੀ ਵਿੱਚੋਂ ਬਾਹਰ ਨਿਕਲਿਆ ਹੁੰਦਾ ਹੈ। ਇਸ ਵਿਚ ਦੋ ਟਿਊਬਾਂ ਹੁੰਦੀਆਂ ਹਨ ਜਿਹੜੀਆਂ ਜਦੋਂ ਵਰਤੋਂ ਵਿਚ ਨਹੀਂ ਹੁੰਦੀਆਂ ਚੂੰਡੀ ਲਾ ਕੇ ਬੰਦ ਕੀਤੀਆਂ ਹੁੰਦੀਆਂ ਹਨ। ਹੈਮੋਡਿਆਲਸਿਸ ਮਸ਼ੀਨ ਦੀ ਟਿਊਬ ਇਹਨਾਂ ਨਾਲੀਆਂ ਨਾਲ ਜੋੜੀ ਜਾਂਦੀ ਹੈ।

ਆਮ ਤੌਰ 'ਤੇ ਇਹ ਨਾਲੀ ਵਾਲਾ ਤਰੀਕਾ ਬਾਂਹ 'ਤੇ ਮੋਰੀ ਜਾਂ ਗਰਾਫ਼ਟ ਜਿੰਨਾ ਚਿਰ ਨਹੀਂ ਕੱਢਦਾ, ਅਤੇ ਲਾਗ ਲਗਣ ਜਾਂ ਖ਼ੂਨ ਜੰਮਣ ਵਰਗੀਆਂ ਮੁਸ਼ਕਲਾਂ ਆ ਸਕਦੀਆਂ ਹਨ। ਇਸੇ ਕਰਕੇ ਇਹ ਨਾੜੀ ਤੱਕ ਪਹੁੰਚ ਲਈ ਪਹਿਲੀ ਜਾਂ ਦੂਜੀ ਚੋਣ ਨਹੀਂ ਹਨ।

ਐਪਰ ਇਹ ਨਾਲੀ ਇਕਦਮ ਵਰਤੀ ਜਾ ਸਕਦੀ ਹੈ। ਇਸ ਲਈ ਜੇ ਤੁਹਾਡਾ ਹੈਮੋਡਿਆਲਸਿਸ ਬਾਂਹ ਵਿਚ ਮੋਰੀ ਜਾਂ ਗਰਾਫ਼ਟ ਦੇ ਵਰਤੋਂ 'ਚ ਲਿਆਉਣ ਲਈ ਤਿਆਰ ਹੋਣ ਤੋਂ ਪਹਿਲਾਂ ਕਰਨ ਦੀ ਲੋੜ ਹੈ, ਜਾਂ ਡਾਕਟਰੀ ਕਾਰਨਾਂ ਕਰਕੇ ਮੋਰੀ ਜਾਂ ਗਰਾਫ਼ਟ ਤੁਹਾਡੇ ਕੀਤਾ ਨਹੀਂ ਜਾ ਸਕਦਾ, ਤਾਂ ਤੁਹਾਡੇ ਲਹੂ ਦੇ ਵਹਾਅ ਤੱਕ ਪਹੁੰਚ ਲਈ ਅਸਥਾਈ (ਹੈਮੋਡਿਆਲਸਿਸ ਨਾਲੀ) ਪਹੁੰਚ ਦੀ ਲੋੜ ਹੁੰਦੀ ਹੈ।



**ਧੌਣ ਵਿਚ ਹੈਮੋਡਿਆਲਸਿਸ ਨਾਲੀ**



**ਛਾਤੀ ਵਿਚ ਹੈਮੋਡਿਆਲਸਿਸ ਨਾਲੀ**

ਨਾੜੀ ਤੱਕ ਪਹੁੰਚ ਵਾਲੇ ਮਰੀਜ਼ਾਂ ਲਈ ਸਿਖਿਆ ਸਾਧਨ

# ਤੁਹਾਡੀ ਹੈਮੋਡਿਆਲਸਿਸ ਨਾਲੀ

# YOUR HEMODIALYSIS CATHETER

BCRenal an agency of the Provincial Health Services Authority

## ਮੈਨੂੰ ਨਾਲੀ ਪਾਉਣ ਤੋਂ ਬਾਅਦ ਕੀ ਕਰਨਾ ਚਾਹੀਦਾ ਹੈ?

1. ਆਪਣੀ ਤਕਲੀਫ਼ ਦਾ ਧਿਆਨ ਰੱਖੋ। ਜੇ ਤੁਹਾਡੀ ਤਕਲੀਫ਼ ਘੱਟ ਤੋਂ ਦਰਮਿਆਨੀ ਤੱਕ ਹੈ ਤਾਂ ਡਾਕਟਰ ਵੱਲੋਂ ਦੱਸੀ ਦਰਦ ਦੀ ਦਵਾਈ ਲਵੋ। ਜੇ ਉਸਦਾ ਕੋਈ ਅਸਰ ਨਹੀਂ, ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।

2. ਆਪਣੀਆਂ ਪੱਟੀਆਂ ਦਾ ਧਿਆਨ ਰੱਖੋ।ਆਪਣੀਆਂ ਪੱਟੀਆਂ ਨੂੰ ਸਾਫ਼ ਅਤੇ ਖੁਸ਼ਕ ਰੱਖੋ। ਟੱਬ ਵਿਚ ਨਹਾਉਣਾ ਹੀ ਵਧੀਆ ਤਰੀਕਾ ਹੈ। ਜੇ ਤਹਾਡੀ ਪੱਟੀ ਲੱਥ ਗਈ ਜਾਂ ਗਿੱਲੀ ਹੋ ਗਈ ਹੈ, ਤਾਂ ਆਪਣੇ ਹੱਥ ਚੰਗੀ ਤਰ੍ਹਾਂ ਧੋ ਕੇ ਬਾਕੀ ਬਚਦੀ ਪੱਟੀ ਵੀ ਲਾਹ ਦਿਉ। ਸਾਫ਼, ਖੁਸ਼ਕ 4X4 ਦਾ ਪੈਡ ਰੱਖ ਕੇ ਉਤੇ ਟੇਪ ਲਾ ਦਿਉ। ਸਹੀ ਪੱਟੀ ਕਰਵਾਉਣ ਲਈ ਆਪਣੀ ਡਿਆਲਸਿਸ ਵਾਲੀ ਥਾਂ ‘ਤੇ ਜਾਉ।

3. ਸੋਜ ‘ਤੇ ਨਿਗਾਹ ਰੱਖੋ। ਤੁਹਾਡੀ ਧੌਣ ਦੁਆਲੇ ਸੋਜ ਹੋ ਸਕਦੀ ਹੈ। ਜੇ ਤੁਹਾਨੂੰ ਬੋਲਣ ਜਾਂ ਸਾਹ ਲੈਣ ਵਿਚ ਮੁਸ਼ਕਲ ਆਉਂਦੀ ਹੈ ਡਾਕਟਰ ਜਾਂ ਨਰਸ ਨੂੰ ਇਕਦਮ ਦੱਸੋ।

## ਮੈਂ ਆਪਣੀ ਨਾਲੀ ਨੂੰ ਕਿਵੇਂ ਤੰਦਰੁਸਤ ਰੱਖਾਂ?

- ਨਾਲੀ ਨੂੰ ਹੱਥ ਨਾ ਲਾਉ, ਇਸ ਨਾਲ ਲਾਗ ਲਗ ਸਕਦੀ ਹੈ।
- ਇਸ ਨਾਲੀ ਦੇ ਲਾਗੇ ਤਿੱਖੀਆਂ ਚੀਜਾਂ ਜਿਵੇਂ ਕਿ ਕੈਂਚੀ ਆਦਿ, ਦੀ ਵਰਤੋਂ ਨਾ ਕਰੋ।
- ਜਦੋਂ ਵੀ ਨਰਸ ਨਾਲੀ ਖੋਲ੍ਹਦੀ ਹੈ ਤਾਂ ਆਪਣੇ ਨੱਕ ਅਤੇ ਮੂੰਹ ਉੱਤੇ ਮਾਸਕ ਪਾ ਲਉ। ਪੱਟੀਆਂ ਬਦਲਦੀ ਨਰਸ ਨੂੰ ਵੀ ਮਾਸਕ ਅਤੇ ਦਸਤਾਨੇ ਪਾਉਣੇ ਚਾਹੀਦੇ ਹਨ।
- ਆਪਣੀ ਨਾਲੀ ਨੂੰ ਨਾ ਖੋਲ੍ਹੋ। ਤੁਹਾਡੀ ਨਾਲੀ ਉੱਤੇ ਦੋਵੇਂ ਟੋਪੀਆਂ ਅਤੇ ਚੂੰਡੀਆਂ ਚੰਗੀ ਤਰ੍ਹਾਂ ਲਗੀਆਂ ਰਹਿਣੀਆਂ ਚਾਹੀਦੀਆਂ ਹਨ। ਸਿਰਫ਼ ਤੁਹਾਡੀ ਡਿਆਲਸਿਸ ਨਰਸ ਜਾਂ ਡਾਕਟਰ ਨੂੰ ਹੀ ਇਹ ਟੋਪੀਆਂ ਜਾਂ ਚੂੰਡੀਆਂ ਲਾਹੁਣੀਆਂ ਚਾਹੀਦੀਆਂ ਹਨ।

** ਜੇ ਕਰ ਤੁਹਾਡਾ ਹੈਮੋਡਿਆਲਸਿਸ ਘਰ ਹੀ ਕੀਤਾ ਜਾਂਦਾ ਹੈ, ਤੁਹਾਡਾ ਡਾਕਟਰ ਜਾਂ ਨਰਸ ਖਾਸ ਨਿਰਦੇਸ਼ ਦੇਣਗੇ।*

- ਸਿਹਤ ਸੇਵਾਵਾਂ ਵਾਲਿਆਂ ਨੂੰ ਦਰਸਾਉਣ ਲਈ ਕਿ ਤੁਹਾਡੇ ਹੈਮੋਡਿਆਲਸਿਸ ਨਾਲੀ ਪਾਈ ਹੈ, ਡਾਕਟਰੀ ਚਿਤਾਵਣੀ ਦਿੰਦਾ ਹੋਇਆ ਕੜਾ ਜਾਂ ਆਪਣੇ ਬਟੂਏ ਵਿਚ ਕਾਰਡ ਰੱਖੋ। ਪੱਕਾ *ਧਿਆਨ ਰਹੇ ਕਿ ਤੁਹਾਡੇ ਕੜੇ ਜਾਂ ਕਾਰਡ ਉੱਤੇ ਇਹ ਵੀ ਦਰਜ਼ ਹੋਵੇ ਕਿ ਨਾਲੀ ਕਿੱਥੇ ਪਾਈ ਹੈ।*

## ਮੈਨੂੰ ਆਪਣੇ ਗੁਰਦਿਆਂ ਦੇ ਡਾਕਟਰ (ਨੈਫਰੋਲੋਜਿਸਟ) ਜਾਂ ਡਿਆਲਸਿਸ ਯੂਨਿਟ ਨੂੰ ਕਦੋਂ ਫੋਨ ਕਰਨਾ ਚਾਹੀਦਾ ਹੈ?

- ਜੇ ਕਰ ਨਾਲੀ ਲਾਗੇ ਲਾਲੀ, ਸੇਕ ਜਾਂ ਦਰਦ ਹੈ।
- ਜੇ ਕਰ ਨਾਲੀ ਦੁਆਲੇ ਪੀਕ ਜਾਂ ਪਾਣੀ ਨਿਕਲ ਰਿਹਾ ਹੈ।
- ਜੇ ਨਾਲੀ ਜਾਂ ਤੁਹਾਡੀ ਧੌਣ ਦੁਆਲੇ ਸੋਜ ਦਿਸਦੀ ਜਾਂ ਖੁਰਕ ਹੁੰਦੀ ਹੈ। ਤੁਹਾਨੂੰ ਬੁਖਾਰ ਲੱਗਦਾ ਹੈ ਜਾਂ ਉਪਰਲਾ ਕੋਈ ਵੀ ਲੱਛਣ ਹੈ।
- ਜੇ ਤੁਹਾਨੂੰ ਲੱਗਦਾ ਹੈ ਕਿ ਚਮੜੀ ਤੋਂ ਬਾਹਰਲੀ ਨਾਲੀ ਲੰਬੀ ਹੋ ਰਹੀ ਹੈ।
- ਤੁਹਾਡੀ ਨਾਲੀ ਅਚਾਨਕ ਖਿੱਚੀ ਗਈ ਜਾਂ ਨਿਕਲ ਗਈ ਹੈ ਅਤੇ ਉਸ ਥਾਂ ਤੋਂ ਖੂਨ ਨਿਕਲ ਰਿਹਾ ਹੈ।

ਇਸ ਕਿਤਾਬਚੇ ਨੂੰ ਬੀ ਸੀ ਰੀਨਲ ਦੀ ਵੈੱਬਸਾਈਟ ਤੋਂ ਵੀ ਉਤਾਰਿਆ ਜਾ ਸਕਦਾ ਹੈ: www.bcrenalagency.ca

ਇਸ ਕਿਤਾਬਚੇ ਵਿਚਲੀ ਜਾਣਕਾਰੀ ਸਿਖਿਆ/ਜਾਣਕਾਰੀ ਦੇਣ ਦੇ ਮਕਸਦ ਨਾਲ, ਤੁਹਾਡੀ ਡਾਕਟਰੀ ਹਾਲਤ ਅਤੇ ਇਲਾਜ ਬਾਰੇ ਸਿਹਤ ਸੰਭਾਲ ਟੀਮ ਨਾਲ ਗੱਲਬਾਤ ਵਿਚ ਮਦਦ ਕਰਨ ਲਈ ਦਿੱਤੀ ਗਈ ਹੈ। ਇਸ ਨੂੰ ਡਾਕਟਰੀ ਸਲਾਹ ਵਜੋਂ ਨਹੀਂ ਮੰਨਿਆ ਜਾ ਸਕਦਾ ਅਤੇ ਇਹ ਤੁਹਾਡੇ ਡਾਕਟਰ ਜਾਂ ਹੋਰ ਯੋਗ ਸਿਹਤ ਸੰਭਾਲ ਮਾਹਰ ਵੱਲੋਂ ਦਿੱਤੀ ਸਲਾਹ ਦੀ ਥਾਂ ਨਹੀਂ ਮੰਨੀ ਜਾਣੀ ਚਾਹੀਦੀ।

BCRenal an agency of the Provincial Health Services Authority

ਬੀ ਸੀ ਪ੍ਰੋਵਿੰਸ਼ੀਅਲ ਰੀਨਲ ਏਜੰਸੀ (BC Provincial Renal Agency)
700-1380 Burrard Street
Vancouver, BC
V6Z 2H3 Canada
ਫੋਨ: 604-875-7340
ਈਮੇਲ: bcpra@bcpra.ca
ਵੈੱਬ: BCRenalAgency.ca
Facebook.com/BCRenalAgency
@BCRenalAgency
Youtube.com/BCRenalAgency

BC Children's Hospital · fraserhealth Better health. Best in health care. · Interior Health · island health · northern health the northern way of caring · Providence Health Care How you want to be treated. · Vancouver Coastal Health Promoting wellness. Ensuring care. · Provincial Health Services Authority Province-wide solutions. Better health. · British Columbia